a2zpapers.com

**Exam. Code : 108102**
**Subject Code : 2076**

**Bachelor of Fine Arts 2nd Semester**

**MUDHLI PUNJABI**

**Paper—VII Opt. (ii)**

Time Allowed—3 Hours] [Maximum Marks—50

**ਨੋਟ :—** ਕੁੱਲ **ਪੰਜ** ਪ੍ਰਸ਼ਨ ਕਰੋ, ਹਰੇਕ ਭਾਗ ਵਿਚੋਂ **ਇਕ** ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ।

**ਭਾਗ–ੳ**

1. ਕਿਰਿਆ ਵਿਸ਼ੇਸ਼ਣ ਕੀ ਹੁੰਦਾ ਹੈ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਹੇਠ ਲਿਖੇ ਵਾਕਾਂ ਵਿਚੋਂ ਕਿਰਿਆ ਵਿਸ਼ੇਸ਼ਣ ਚੁਣ ਕੇ ਉਹਨਾਂ ਦੀਆਂ ਕਿਸਮਾਂ ਦਸੋ :

   1. ਪ੍ਰੀਤੀ ਬਹੁਤ ਸੁਰੀਲਾ ਗਾਉਂਦੀ ਹੈ।
   2. ਰਾਣੀ ਹੌਲੀ-ਹੌਲੀ ਤੁਰਦੀ ਹੈ।
   3. ਬੱਚੇ ਕਿਉਂ ਲੜਦੇ ਹਨ ? 10

2. ਯੋਜਕ ਸ਼ਬਦ ਕਿਸ ਨੂੰ ਕਹਿੰਦੇ ਹਨ ? ਕੋਈ ਪੰਜ ਯੋਜਕ ਸ਼ਬਦ ਲਿਖੋ। ਹੇਠ ਲਿਖੇ ਵਾਕਾਂ ਵਿਚੋਂ ਯੋਜਕ ਚੁਣ ਕੇ ਉਹਨਾਂ ਦੀਆਂ ਕਿਸਮਾਂ ਦਸੋ :

   1. ਜੇ ਤੁਸੀਂ ਮੇਰੀ ਇੱਜਤ ਕਰੋਗੇ ਤਾਂ ਮੈਂ ਤੁਹਾਡੀ ਕਰਾਂਗਾ।
   2. ਮੈਂ ਅਨਪੜ੍ਹ ਹਾਂ, ਇਸ ਲਈ ਚਿੱਠੀ ਨਹੀਂ ਲਿਖ ਸਕਦਾ।
   3. ਭਾਵੇਂ ਮੀਂਹ ਪਏ, ਮੈਂ ਮੰਦਰ ਜ਼ਰੂਰ ਜਾਵਾਂਗਾ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

## ਭਾਗ–ਅ

3. (ੳ) ਮਿਸ਼ਰਤ ਵਾਕ ਕਿਸ ਨੂੰ ਕਹਿੰਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(ਅ) ਹੇਠ ਲਿਖੇ ਮਿਸ਼ਰਤ ਵਾਕ ਦੀ ਵਾਕ ਵੰਡ ਕਰੋ :

1. ਸੁਰਿੰਦਰ ਦਾ ਲੜਕਾ ਬੜਾ ਮਿਹਨਤੀ ਹੈ।
2. ਮੇਰੀ ਭੈਣ ਕਲ੍ਹ ਚੰਡੀਗੜ੍ਹ ਜਾਏਗੀ।
3. ਸ਼ਾਮ ਖੇਡ ਕੇ ਘਰ ਚਲਾ ਗਿਆ। 10

4. (ੳ) ਸਧਾਰਨ ਵਾਕ ਦੀ ਪ੍ਰੀਭਾਸ਼ਾ ਲਿਖੋ। ਇਸ ਦੀਆਂ ਕਿੰਨੀਆਂ ਕਿਸਮਾਂ ਹਨ ?

(ਅ) ਹੇਠ ਲਿਖੇ ਸਧਾਰਨ ਵਾਕ ਦੀ ਵਾਕ ਵੰਡ ਕਰੋ :

ਸਾਨੂੰ ਗਰੀਬਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। (ਕਰਤਾ, ਕਰਮ, ਕਿਰਿਆ, ਕਿਰਿਆ ਵਿਸਥਾਰ) 10

## ਭਾਗ–ੲ

5. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਉਪਰ ਪੈਰ੍ਹਾ ਰਚਨਾ ਲਿਖੋ :

ਸਮੇਂ ਦੀ ਕਦਰ।

**ਜਾਂ**

ਨਾਨਕ ਦੁਖੀਆ ਸਭ ਸੰਸਾਰ। 10

6. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਚੰਗਾ ਦਿਮਾਗ਼ ਤੇ ਚੰਗਾ ਦਿਲ ਅਰੋਗ ਸਰੀਰ ਵਿੱਚ ਹੀ ਰਹਿ ਸਕਦੇ ਹਨ। ਜਿਸ ਮਨੁੱਖ ਦਾ ਸਰੀਰ ਢਿੱਲਾ ਹੈ, ਉਸ ਮਨੁੱਖ ਦਾ ਦਿਮਾਗ਼ ਵੀ ਕੁਝ ਸਮਾਂ ਪਾ ਕੇ ਢਿੱਲਾ ਹੋ ਜਾਂਦਾ ਹੈ। ਉਹੀ ਮਨੁੱਖ ਪੂਰਨ ਆਖਿਆ ਜਾ ਸਕਦਾ ਹੈ ਜਿਸ ਦਾ ਸਰੀਰ, ਦਿਮਾਗ਼ ਤੇ ਮਨ ਪੂਰੀ ਤਰ੍ਹਾਂ ਵਿਕਸਿਤ ਹੋਣ। ਪੜ੍ਹਾਈ ਦੇ ਨਾਲ–ਨਾਲ ਖੇਡਾਂ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਸਰੀਰ ਨੂੰ ਸਿਹਤਮੰਦ ਰੱਖਣ ਲਈ ਅਤਿ-ਲੋੜੀਂਦੀਆਂ ਹਨ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ। ਖੇਡਾਂ ਨਿਰਾ ਸਰੀਰ ਨੂੰ ਹੀ ਅਰੋਗ ਨਹੀਂ ਕਰਦੀਆਂ ਬਲਕਿ ਆਦਮੀ ਦੇ ਆਚਰਨ ਨੂੰ ਵੀ ਸੁਆਰਦੀਆਂ ਹਨ। ਕੁਰਬਾਨੀ, ਜ਼ਬਤ ਤੇ ਹੁਕਮ ਮੰਨਣ ਦੇ ਗੁਣ ਖਿਡਾਰੀ ਵਿੱਚ ਭਰੇ ਜਾਂਦੇ ਹਨ। ਖੇਡਾਂ ਨਾਲ ਵਿਦਿਆਰਥੀਆਂ ਅੰਦਰ ਟਾਕਰੇ ਦੀ ਹਿੰਮਤ ਤੇ ਮੁਕਾਬਲੇ ਦਾ ਸਾਹਸ ਪੈਦਾ ਹੋ ਜਾਂਦਾ ਹੈ ਤੇ ਉਹ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਸਾਹਮਣੇ ਹੌਸਲੇ ਨਾਲ ਡਟ ਕੇ ਖਲੋ ਜਾਂਦੇ ਹਨ ਤੇ ਉਨ੍ਹਾਂ ਉੱਪਰ ਫ਼ਤਿਹ ਪਾ ਲੈਂਦੇ ਹਨ। ਖੇਡਾਂ ਉਹ ਕੁਝ ਸਿਖਾਉਂਦੀਆਂ ਹਨ ਜੋ ਨਿਰੀ ਪੜ੍ਹਾਈ ਨਹੀਂ ਸਿਖਾ ਸਕਦੀ। 10

## ਭਾਗ–ਸ

7. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਹਨਾਂ ਤੇ ਵਾਕ ਬਣਾਓ : ਅੱਖਾਂ ਮੀਟ ਜਾਣਾ, ਕੰਨ ਤੇ ਜੂੰ ਨਾ ਸਰਕਣੀ, ਚਾਦਰ ਵੇਖ ਕੇ ਪੈਰ ਪਸਾਰਨੇ, ਦੀਵੇ ਥੱਲੇ ਹਨੇਰਾ, ਊਠ ਦੇ ਗਲ ਟਲੀ। 10

8. ਨਗਰ ਨਿਗਮ ਦੇ ਸਿਹਤ ਅਧਿਕਾਰੀ ਨੂੰ ਆਪਣੀ ਕਲੋਨੀ ਵਿੱਚ ਫੈਲੀ ਗੰਦਗੀ ਦੇ ਹਵਾਲੇ ਦਿੰਦੇ ਹੋਏ ਛੇਤੀ ਤੋਂ ਛੇਤੀ ਸਫ਼ਾਈ ਕਰਵਾਉਣ ਲਈ ਬਿਨੈ-ਪੱਤਰ ਲਿਖੋ। 10



www.a2zpapers.com www.a2zpapers.com
ad free old Question papers gndu, ptu hp board, punjab